**Signature and Name of Invigilator**

1. (Signature) ____________________

   (Name) ____________________

2. (Signature) ____________________

   (Name) ____________________

**Answer Sheet No. :** ...........................................

(To be filled by the Candidate)

**Roll No.** | | | | | | | | |

(In figures as per admission card)

**Roll No.** ____________________

(In words)

**Test Booklet No.**

**J—2406**

**PAPER—II**

# PUNJABI

**Time : 1¼ hours]** **[Maximum Marks : 100**

Number of Pages in this Booklet : **16** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the question booklet will be replaced nor any extra time will be given.**
   (iii) After this verification is over, the Serial No. of the booklet should be entered in the Answer-sheets and the Serial No. of Answer Sheet should be entered on this Booklet.
4. Each item has four alternative responses marked (A), (B), (C) and (D). You have to darken the oval as indicated below on the correct response against each item.

   **Example :** (A) (B) ⬬ (D)

   where (C) is the correct response.
5. Your responses to the items are to be indicated in the Answer Sheet given **inside the Paper I booklet only**. If you mark at any place other than in the ovals in the Answer Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your name or put any mark on any part of the test booklet, except for the space allotted for the relevant entries, which may disclose your identity, you will render yourself liable to disqualification.
9. You have to return the test question booklet to the invigilators at the end of the examination compulsorily and must not carry it with you outside the Examination Hall.
10. **Use only Blue/Black Ball point pen.**
11. **Use of any calculator or log table etc., is prohibited.**
12. **There is NO negative marking.**

## परीक्षार्थियों के लिए निर्देश

1. पहले पृष्ठ के ऊपर नियत स्थान पर अपना रोल नम्बर लिखिए।
2. इस प्रश्न-पत्र में पचास बहुविकल्पीय प्रश्न हैं।
3. परीक्षा प्रारम्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी कागज की सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
   (iii) इस जाँच के बाद प्रश्न-पुस्तिका की क्रम संख्या उत्तर-पत्रक पर अंकित करें और उत्तर-पत्रक की क्रम संख्या इस प्रश्न-पुस्तिका पर अंकित कर दें।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं। आपको सही उत्तर के दीर्घवृत्त को पेन से भरकर काला करना है जैसा कि नीचे दिखाया गया है।

   **उदाहरण :** (A) (B) ⬬ (D)

   जबकि (C) सही उत्तर है।
5. प्रश्नों के उत्तर **केवल प्रश्न पत्र I के अन्दर दिये गये** उत्तर-पत्रक पर ही अंकित करने हैं। यदि आप उत्तर पत्रक पर दिये गये दीर्घवृत्त के अलावा किसी अन्य स्थान पर उत्तर चिन्हांकित करते है, तो उसका मूल्यांकन नहीं होगा।
6. अन्दर दिये गये निर्देशों को ध्यानपूर्वक पढ़ें।
7. कच्चा काम (Rough Work) इस पुस्तिका के अन्तिम पृष्ठ पर करें।
8. यदि आप उत्तर-पुस्तिका पर अपना नाम या ऐसा कोई भी निशान जिससे आपकी पहचान हो सके, किसी भी भाग पर दर्शाते या अंकित करते हैं तो परीक्षा के लिये अयोग्य घोषित कर दिये जायेंगे।
9. आपको परीक्षा समाप्त होने पर उत्तर-पुस्तिका निरीक्षक महोदय को लौटाना आवश्यक है और परीक्षा समाप्ति के बाद अपने साथ परीक्षा भवन से बाहर न लेकर जायें।
10. **केवल नीले/काले बाल प्वाईंट पैन का ही इस्तेमाल करें।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है।**
12. **गलत उत्तर के लिए अंक नहीं काटे जायेंगे।**

# PUNJABI

## PAPER – II

**Note :** This paper contains **fifty** (50) objective-type questions, each question carrying **two** (2) marks. Attempt **all** of them.

1. ਭਾਸ਼ਾ ਦੀ ਪਰਿਭਾਸ਼ਾ ਦੇ ਮੂਲ ਪ੍ਰੇਰਕ ਸ੍ਰੋਤ ਹਨ :
   (A) ਮਾਧਿਅਮ, ਸੰਰਚਨਾ, ਸਿਸਟਮ, ਚਿਹਨੀਕਰਣ
   (B) ਮਾਧਿਅਮ, ਹੋਂਦ, ਪਰਿਵਰਤਨ, ਵਿਕਾਸ
   (C) ਸੰਰਚਨਾ, ਸਿਸਟਮ, ਰੂਪ ਵਿਗਿਆਨ, ਚਿਨ੍ਹ-ਵਿਗਿਆਨ
   (D) ਚਿਨ੍ਹ, ਚਿਨ੍ਹਕ, ਚਿਨ੍ਹਿਤ, ਚਿਨ੍ਹੀਕਰਣ

2. ਭਾਸ਼ਾ ਦਾ ਪ੍ਰਕਾਰਜ ਹੈ :
   (A) ਕਾਵਿਕ, ਸਮਾਜਕ, ਸਿਸਟਮੀ
   (B) ਸੰਕੇਤਕ, ਭਾਵੁਕ, ਆਪਹੁਦਰਾ
   (C) ਪਰਾ-ਭਾਸ਼ਾਈ, ਆਗਿਆਰਥਕ, ਸਮਾਜਕ
   (D) ਸਮਾਜਕ, ਪਰਾ-ਭਾਸ਼ਾਈ, ਚਿਨ੍ਹਮੂਲਕ

3. ਭਾਸ਼ਾ ਦਾ ਸੰਚਾਰ ਪ੍ਰਬੰਧ ਆਧਾਰਿਤ ਹੈ :
   (A) ਸ਼ਬਦ ਤੇ ਉਚਾਰ
   (B) ਧੁਨੀ ਤੇ ਇਸ਼ਾਰੇ
   (C) ਬੋਲ ਤੇ ਹਾਵ-ਭਾਵ
   (D) ਰੂਪ ਤੇ ਸਭਿਆਚਾਰ

4. ਅਮੂਰਤ ਚਿਨ੍ਹਕ ਕਿਹੜਾ ਹੈ :
   (A) ਰੁੱਖ
   (B) ਹੁਕਮ
   (C) ਮੇਜ਼
   (D) ਕਲਮ

5. ਉੱਪ ਭਾਸ਼ਾ ਦੀ ਐਟਲਸ ਦਾ ਆਧਾਰ ਹੈ :

(A) ਜ਼ਿਲਾ

(B) ਸਭਿਆਚਾਰ

(C) ਇਤਿਹਾਸ

(D) ਪ੍ਰਦੇਸ਼

6. ਅਕਾਲਕੀ ਉੱਪਵਾਕ ਕਿਵੇਂ ਹੋਂਦ ਵਿਚ ਆਉਂਦੇ ਹਨ :

(A) ਕਾਥਕੀ ਕ੍ਰਿਆ ਵਾਕੇਸ਼ ਰਾਹੀਂ

(B) ਅਕਾਥਕੀ ਕ੍ਰਿਆ ਵਾਕੇਸ਼ ਰਾਹੀਂ

(C) ਸੁਤੰਤਰ ਵਾਕ ਬਣਤਰ ਰਾਹੀਂ

(D) ਅਸਾਵੀ ਵਾਕ ਬਣਤਰ ਰਾਹੀਂ

7. ਕਿਹੜਾ ਸ਼ਬਦ ਸਵਰ ਲੋਪ ਦੀ ਮਿਸਾਲ ਨਹੀਂ ਹੈ :

(A) ਆਨੰਦ

(B) ਖੰਡ ਪਾਠ

(C) ਹੰਕਾਰ

(D) ਕਾਦਸ਼ੀ

8. ਜਾਰਜ ਗਰੀਅਰਸਨ ਵੱਲੋਂ ਪੰਜਾਬੀ ਤੇ ਹਿੰਦੀ ਦੀ ਵਖਰੀ ਵੰਡ ਦਾ ਵਿਰੋਧ ਸਭ ਤੋਂ ਪਹਿਲਾਂ ਕਿਸਨੇ ਕੀਤਾ :

(A) ਮੋਹਨ ਸਿੰਘ ਦੀਵਾਨਾ

(B) ਪ੍ਰੇਮ ਪ੍ਰਕਾਸ਼ ਸਿੰਘ

(C) ਹਰਦੇਵ ਬਾਹਰੀ

(D) ਐੱਸ.ਕੇ. ਚੈਟਰਜੀ

9. **(A) (ਕਥਨ)** : ਪੰਜਾਬੀ ਭਾਸ਼ਾ ਦੇ ਅਰਧ ਸਵਰਾਂ ਦੇ ਵਿਚ ਮੂੰਹ ਪੋਲ ਖੁਲ੍ਹਾ ਰਹਿੰਦਾ ਹੈ ਤੇ ਇਹ ਵਿਅੰਜਨ ਦਾ ਕਾਰਜ ਕਰਦਾ ਹੈ।

**(R) (ਕਾਰਨ)** : ਪੰਜਾਬੀ ਦੇ ਸਵਰ ਤੇ ਵਿਅੰਜਨ ਦੇ ਅੰਤਰ ਦਾ ਵਿਗਿਆਨਕ ਆਧਾਰ ਉਚਾਰਣ ਅੰਗ ਤੇ ਸਵਰ ਦੇ ਨਾਲ ਨਾਲ ਗੂੰਜ ਵੀ ਇਕ ਕਾਰਨ ਹੈ।

(A) **(A)** ਸਹੀ ਹੈ ਪਰ **(R)** ਆਂਸ਼ਕ ਸਹੀ ਹੈ।

(B) **(A)** ਅਤੇ **(R)** ਦੋਵੇਂ ਆਂਸ਼ਕ ਰੂਪ ਵਿਚ ਸਹੀ ਹਨ।

(C) **(A)** ਗਲਤ ਹੈ ਪਰ **(R)** ਸਹੀ ਹੈ।

(D) **(A)** ਅਤੇ **(R)** ਸਹੀ ਹੈ। ਪਰ **(R)** ਪੂਰੀ ਵਿਆਖਿਆ ਨਹੀਂ ਕਰਦਾ।

10.

| | **ਸੂਚੀ I** | | **ਸੂਚੀ II** |
|---|---|---|---|
| (a) | ਧੁਨੀ ਵਿਸ਼ੇਸ਼ਤਾ | 1. | ਭੌਤਿਕ ਮਾਨਸਿਕ |
| (b) | ਧੁਨੀਮ/ਉਪਧਨੀ | 2. | ਧੁਨੀ ਵਿਗਿਆਨ |
| (c) | ਮਿਸ਼ਰਿਤ ਭਾਸ਼ਾ | 3. | ਵਿਅੰਜਨ ਗੁੱਛੇ |
| (d) | ਚਮਚ/ਸਪਸ਼ਟ | 4. | ਪਿਜਿਨ |

ਉਪਰੋਕਤ ਦਾ ਸਹੀ ਕ੍ਰਮ ਦੱਸੋ

| | (a) | (b) | (c) | (d) |
|---|---|---|---|---|
| (A) | 4 | 3 | 2 | 1 |
| (B) | 3 | 2 | 1 | 4 |
| (C) | 2 | 1 | 4 | 3 |
| (D) | 1 | 3 | 2 | 4 |

ਪੈਰਾ : ਸੰਰਚਨਾਵਾਦੀਆਂ ਵਿਚ ਵਸਤੂ ਨਿਸ਼ਠਤਾ, ਵਿਗਿਆਨਕਤਾ ਅਤੇ ਤਾਲਮੇਲ ਦੀ ਵਿਸ਼ੇਸ਼ ਭਾਵਨਾ ਮੌਜੂਦ ਸੀ ਪਰ ਉੱਤਰ ਸੰਰਚਨਾਵਾਦੀਆਂ ਦੇ ਗਰੁੱਪ ਇਨੇ ਸੁਮੇਲ ਪ੍ਰਬੰਧ ਨਹੀਂ ਸੱਗੋਂ ਉਹ ਆਪਣੇ ਵਿਰੋਧਾਂ ਬਾਰੇ ਬਹੁਤ ਸਪੱਸ਼ਟ ਅਤੇ ਕ੍ਰਿਆਸ਼ੀਲ ਹਨ। ਇਨ੍ਹਾਂ ਦੀ ਉੱਤਰ ਸੰਰਚਨਾਵਾਦੀ ਦ੍ਰਿਸ਼ਟੀ ਵਿਲੱਖਣ ਵੀ ਹੈ ਅਤੇ ਨਵੀਨ ਵੀ। ਇਹ ਸੰਰਚਨਾ ਦੇ ਸੰਕਲਪ ਨਾਲ ਮੇਲ ਨਹੀਂ ਖਾਂਦੀ, ਸਗੋਂ ਉਸ ਨਾਲ ਬੜੇ ਤੀਬਰ ਰੂਪ ਵਿਚ ਐਂਟੀ-ਵਿਗਿਆਨਕ ਵੀ ਹੈ।

ਉਪਰੋਕਤ ਪੈਰੇ ਦੇ ਆਧਾਰ ਤੇ ਦੱਸੋ :

**11.** ਉਪਰੋਕਤ ਪੈਰੇ ਵਿਚ ਬਲ ਹੈ :

(A) ਵਸਤੂ ਨਿਸ਼ਠਤਾ ਤੇ ਸਤਿ ਦੀਆਂ ਭਾਵਨਾਵਾਂ ਨੂੰ ਚੈਲੰਜ।

(B) ਸੰਰਚਨਾ ਬਾਰੇ ਸੰਰਚਨਾਵਾਦੀ ਵਿਚਾਰ ਪ੍ਰਣਾਲੀ ਦੀ ਅਪਰਵਾਨਗੀ।

(C) ਉੱਤਰ ਸੰਰਚਨਾਵਾਦੀਆਂ ਦੇ ਆਪਸੀ ਵਿਰੋਧ

(D) ਐਂਟੀ ਵਿਗਿਆਨਕ ਮੁੱਦੇ ਦੀ ਵਿਲੱਖਣਤਾ

**12.** ਉਪਰੋਕਤ ਪੈਰੇ ਵਿਚ ਟਕਰਾਉ ਹੈ :

(A) ਵਸਤੂ ਨਿਸ਼ਠਤਾ (ਵਿਗਿਆਨਕਤਾ) ਤੇ ਆਤਮਨਿਸ਼ਠਤਾ (ਅਵਿਗਿਆਨਕਤਾ) ਦਾ

(B) ਸੁਮੇਲ ਪ੍ਰਬੰਧ ਤੇ ਅਸੁਮੇਲ ਪ੍ਰਬੰਧ ਦਾ

(C) ਸੰਕਲਪ ਪਰਵਾਨਗੀ ਅਤੇ ਅਪਰਵਾਨਗੀ ਦਾ

(D) ਵਿਲੱਖਣ ਅਤੇ ਅਵਿਲੱਖਣ ਦ੍ਰਿਸ਼ਟੀ ਦਾ

**13.** ਜ਼ੀਨੋ ਪਾਠ ਅਤੇ ਫੀਨੋ ਪਾਠ ਦਾ ਖੇਤਰ ਹੈ :

(A) ਭਾਸ਼ਾ ਦਾ ਸਮਾਜ ਤੇ ਇਤਿਹਾਸ

(B) ਭਾਸ਼ਾ ਦਾ ਪੂਰਵ ਸੰਚਾਰ ਤੇ ਸੰਚਾਰ

(C) ਭਾਸ਼ਾ ਦਾ ਸਭਿਆਚਾਰ ਤੇ ਵਿਆਕਰਣ

(D) ਭਾਸ਼ਾ ਦਾ ਆਵੇਗ ਤੇ ਪ੍ਰਵਾਹ

**14.** ਮਿੱਥ ਨੂੰ ਅਰਥ ਸੰਚਾਰ ਦੀ ਦੁਜੈਲੀ ਵਿਵਸਥਾ ਕਿਸਨੇ ਦੱਸਿਆ :

(A) ਰੋਲਾਂ ਬਾਰਤ

(B) ਸਾਮਿਊਰ

(C) ਲੈਵੀ ਸਤਰਾਸ

(D) ਚਾਮਸਕੀ

15. ਸਾਹਿਤ ਦਾ ਦਰਸ਼ਨ ਅਤੇ ਇਤਿਹਾਸ ਨਾਲ ਮੂਲ ਸੰਬੰਧ ਕਿਸਨੇ ਦਰਸਾਇਆ :

(A) ਡਾ. ਹਰਿਭਜਨ ਸਿੰਘ

(B) ਮੈਥੀਯੂ ਆਰਨਲਡ

(C) ਟੀ.ਐੱਸ. ਇਲੀਅਟ

(D) ਅਰਸਤੂ

16. ਨਾਵਲ ਰੂਪ ਵਿਚ ਕਿਸ ਜੁਗਤ ਉੱਤੇ ਵਧੇਰੇ ਬਲ ਹੁੰਦਾ ਹੈ :

(A) ਦ੍ਰਿਸ ਮੁੱਖ ਤੇ ਵਾਰਤਾ ਮੁਖ

(B) ਵਰਣਨ ਤੇ ਵਿਸ਼ਲੇਸ਼ਣ

(C) ਚਿੱਤਰਣ ਤੇ ਅਨੁਕਰਣ

(D) ਦ੍ਰਿਸ਼ਟੀਕੋਣ ਅਤੇ ਪਾਤਰ ਚਿਤਰਣ

17. *"ਖੰਡਾ ਪ੍ਰਿਥਮੇ ਸਾਜਿਕੈ ਜਿਨਿ ਸਭੁ ਸੈਹਸਾਰ ਉਪਾਇਆ ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤਿ ਦਾ ਖੇਲ ਰਚਾਏ ਬਨਾਇਆ"* ਕੀ ਹੈ ? :

(A) ਮਹਾਤਮ

(B) ਵਸਤੂ ਨਿਰਦੇਸ਼

(C) ਸ਼ੁਭ ਅਸੀਸ

(D) ਮੰਗਲਾਚਰਣ

18. ਹੇਠ ਲਿਖਿਆਂ ਵਿਚੋਂ ਕਿਹੜਾ ਜੁੱਟ ਸਹੀ ਹੈ :

(A) ਰੋਲਾਂ ਬਾਰਤ – ਭਾਸ਼ਾ ਅਤੇ ਅਚੇਤਨ

(B) ਉੱਤਰ ਸੰਰਚਨਾਵਾਦ – ਪ੍ਰਵਚਨ ਤੇ ਸ਼ਕਤੀ

(C) ਵਿਰਚਨਾਵਾਦ – ਪਾਲ ਦੀ ਮਾਨ

(D) ਭਾਸ਼ਾ ਅਤੇ ਕਰਾਂਤੀ – ਦੈਰੀਦਾ

19. ਕਿਸ ਸੰਸਥਾ ਵਲੋਂ ਪੰਜਾਬੀ ਸਾਹਿਤ ਦਾ ਰੂਪ-ਵਿਧਾ ਮੂਲਕ ਇਤਿਹਾਸ ਤਿਆਰ ਕੀਤਾ ਗਿਆ ਹੈ :

(A) ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

(B) ਪੰਜਾਬੀ ਅਕਾਡਮੀ, ਦਿੱਲੀ

(C) ਪੰਜਾਬੀ ਯੂਨੀਵਰਸਿਟੀ, ਪਟਿਆਲਾ

(D) ਭਾਸ਼ਾ ਵਿਭਾਗ, ਪਟਿਆਲਾ

20. ਮੱਧਕਾਲੀ ਪੰਜਾਬੀ ਸਾਹਿਤ ਦੀ ਮੁੱਖ ਖੋਜ ਸਮੱਸਿਆ ਹੈ :

(A) ਪ੍ਰਮਾਣਿਕ ਤੇ ਮਿਆਰੀ ਪਾਠ ਦਾ ਉਪਲਬੱਧ ਨਾ ਹੋਣਾ

(B) ਫ਼ਾਰਸੀ-ਸੰਸਕ੍ਰਿਤ ਭਾਸ਼ਾ ਦੀ ਅਗਿਆਨਤਾ

(C) ਸਮਾਜਕ ਵਿਗਿਆਨਾਂ ਦਾ ਅਗਿਆਨ

(D) ਸਭਿਆਚਾਰਕ ਪਛੜੇਵਾਂ

21. ਮਹਾਂ ਕਾਵਿ ਵਿਚ ਘੱਟ ਤੋਂ ਘੱਟ ਕਿੰਨੇ ਸਰਗ ਹੁੰਦੇ ਹਨ :

(A) ਛੇ

(B) ਸੱਤ

(C) ਅੱਠ

(D) ਦਸ

22. ਭਾਰਤੀ ਕਾਵਿ ਸ਼ਾਸਤਰ ਅਨੁਸਾਰ 'ਪਰਮਾਰਥ' ਤੋਂ ਭਾਵ ਹੈ :

(A) ਸਤਿਅਮ ਸ਼ਿਵਮ ਸੁੰਦਰਮ

(B) ਰਸ, ਧੁਨੀ, ਅਲੰਕਾਰ, ਰੀਤੀ

(C) ਧਰਮ, ਅਰਥ, ਜਸ, ਉਨਮਾਦ

(D) ਧਰਮ, ਅਰਥ, ਕਾਮ, ਮੋਕਸ਼

23. ਸੂਚੀ I — ਸੂਚੀ II

| | ਸੂਚੀ I | | ਸੂਚੀ II |
|---|---|---|---|
| (a) | ਮੱਧਕਾਲੀ ਪੰਜਾਬੀ ਖੋਜ | 1. | ਨੀਂਹ ਤੇ ਉਸਾਰ |
| (b) | ਵਕ੍ਰੋਕਤੀ | 2. | ਰਸ ਸੰਪਰਦਾਇ |
| (c) | ਸਾਧਾਰਣੀਕਰਣ | 3. | ਬਹੁ-ਭਾਸ਼ੀ ਸਮਰਥਾ |
| (d) | ਮਾਰਕਸਵਾਦ | 4. | ਕੁੰਤਕ |

ਉਪਰੋਕਤ ਦਾ ਸਹੀ ਕ੍ਰਮ ਦੱਸੋ

| | (a) | (b) | (c) | (d) |
|---|---|---|---|---|
| (A) | 4 | 2 | 3 | 1 |
| (B) | 3 | 4 | 2 | 1 |
| (C) | 4 | 3 | 1 | 2 |
| (D) | 2 | 1 | 3 | 4 |

24. **(A) (ਕਥਨ) :** ਸਾਹਿਤ ਸ਼ਾਸ਼ਤਰ ਦੇ ਖੇਤਰ ਵਿਚ ਰੋਲਾਂ ਬਾਰਤ ਦਾ ਬਹੁਪਾਠ ਸਿੱਧਾਂਤ ਬਹੁਤ ਮਹੱਤਵਪੂਰਨ ਹੈ ਅਤੇ ਇਸਨੇ ਅਧਿਐਨ ਪਰਣਾਲੀਆਂ ਵਿਚ ਕਰਾਂਤੀਕਾਰੀ ਤਬਦੀਲੀ ਲਿਆਂਦੀ ਜਿਵੇਂ ਸਮਾਜ ਸ਼ਾਸ਼ਤਰੀ ਪ੍ਰਣਾਲੀ ਸੰਰਚਨਾਵਾਦੀ ਪ੍ਰਣਾਲੀ ਆਦਿ

**(R) (ਕਾਰਨ) :** ਕਿਉਂਕਿ ਰੋਲਾਂ ਬਾਰਤ ਭਾਸ਼ਾ ਅਤੇ ਸਾਹਿਤ ਸਿੱਧਾਂਤ ਦੋਹਾਂ ਖੇਤਰਾਂ ਦਾ ਪ੍ਰਮੁੱਖ ਚਿੰਤਕ ਸੀ ਤੇ ਚਿਨ੍ਹ ਵਿਗਿਆਨ ਦਾ ਵੀ ਗਿਆਤਾ ਸੀ

(A) **(A)** ਆਂਸ਼ਕ ਸਹੀ ਹੈ ਪਰ **(R)** ਪੂਰਨ ਸਹੀ ਹੈ।

(B) **(A)** ਅਤੇ **(R)** ਦੋਵੇਂ ਸਹੀ ਹਨ।

(C) **(A)** ਸਹੀ ਹੈ ਪਰ **(R)** ਗਲਤ ਹੈ।

(D) **(A)** ਅਤੇ **(R)** ਸਹੀ ਹਨ ਪਰ **(R)** ਪੂਰਨ ਸਹੀ ਨਹੀਂ ਹੈ।

25. ਅਸਤਿਤਵਵਾਦ ਦਾ ਸੰਸਥਾਪਕ ਕੌਣ ਸੀ :

(A) ਹਾਈਡ੍ਰੈਗਰ

(B) ਨੀਤਸ਼ੇ

(C) ਅਲਬੇਅਰ ਕਯੂ

(D) ਸਾਰਤਰ

**ਪੈਰਾ** ਆਜ਼ਾਦੀ ਤੋਂ ਪਹਿਲਾਂ ਬਹੁਤੇ ਪੰਜਾਬੀ ਪੱਤਰਾਂ ਵਿਚ ਧਰਮ ਪਰਚਾਰ ਅਤੇ ਸਮਾਜ ਸੁਧਾਰ ਦੇ ਨਾਲ ਨਾਲ ਸਾਹਿਤਕ ਤੇ ਆਮ ਵਾਕਫ਼ੀ ਨਾਲ ਸੰਬੰਧਤ ਰਚਨਾਵਾਂ ਛਾਪਣ ਦੀ ਮੁੱਖ ਰੁਚੀ ਸੀ। ਇਨ੍ਹਾਂ ਵਿਚੋਂ ਬਹੁਤੇ ਪੱਤਰ ਅੰਗਰੇਜ਼ੀ ਸ਼ਾਸ਼ਨ ਦੀਆਂ ਬੰਦਸ਼ਾਂ ਅਤੇ ਆਰਥਕ ਮਸਲਿਆਂ ਕਾਰਨ ਬਹੁਤਾ ਸਮਾਂ ਜਾਰੀ ਨਾ ਰਹਿ ਸਕੇ। ਪੰਜਾਬੀ ਪਤਰਕਾਰੀ ਵਿਚ ਇਨ੍ਹਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਸੀ ਕਿਉਂਕਿ ਇਹਨਾਂ ਵਿਚ ਉਸ ਸਮੇਂ ਦੇ ਸਾਰੇ ਚੋਟੀ ਦੇ ਲੇਖਕਾਂ ਦੀਆਂ ਰਚਨਾਵਾਂ ਛਪਦੀਆਂ ਸਨ ਅਤੇ ਦੂਜੇ ਇਨ੍ਹਾਂ ਨੇ ਵੱਡੀ ਗਿਣਤੀ ਵਿਚ ਪੰਜਾਬੀ ਪਾਠਕ ਪੈਦਾ ਕੀਤੇ। ਇਨ੍ਹਾਂ ਨੇ ਪੰਜਾਬੀ ਪਾਠਕਾਂ ਵਿਚ ਅਸ਼ਲੀਲ ਰਚਨਾਵਾਂ ਦੀ ਥਾਂ ਚੰਗੇਰਾ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕੀਤੀ।

**26.** ਉਪਰੋਕਤ ਪੈਰੇ ਦਾ ਕੇਂਦਰੀ ਵਿਚਾਰ ਹੈ :

(A) ਪੱਛਮ ਦੇ ਅਸਰ ਥੱਲੇ ਸਾਹਿਤ ਵਿਚੋਂ ਅਸ਼ਲੀਲਤਾ ਦੀ ਜੜ ਪੁੱਟਣ ਲਈ ਵੀ ਪੰਜਾਬੀ ਪਤਰਕਾਰੀ ਨੇ ਯੋਗਦਾਨ ਪਾਇਆ

(B) ਆਜ਼ਾਦੀ ਤੋਂ ਪਹਿਲਾਂ ਦੀ ਪੰਜਾਬੀ ਪਤਰਕਾਰੀ ਨੇ ਚੰਗੇਰਾ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕੀਤੀ

(C) ਅੰਗਰੇਜ਼ੀ ਸ਼ਾਸ਼ਨ ਦੀਆਂ ਬੰਦਸ਼ਾਂ ਤੇ ਆਰਥਕ ਮਸਲੇ

(D) ਚੋਟੀ ਦੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਪ੍ਰਕਾਸ਼ਨ

**27.** ਉਪਰੋਕਤ ਪੈਰੇ ਦਾ ਕਿਹੜਾ ਕਥਨ ਸਹੀ ਹੈ :

(A) ਪੰਜਾਬੀ ਪੱਤਰਾਂ ਦਾ ਮੁੱਖ ਝੁਕਾ ਧਰਮ ਪਰਚਾਰ ਤੇ ਸਾਹਿਤ ਸੁਧਾਰ ਸੀ

(B) ਪੰਜਾਬੀ ਪੱਤਰਾਂ ਦਾ ਸੰਬੰਧ ਅੰਗਰੇਜੀ ਸ਼ਾਸ਼ਨ ਤੇ ਆਰਥਕ ਮਸਲਿਆਂ ਨਾਲ ਸੀ

(C) ਪੰਜਾਬੀ ਪੱਤਰਾਂ ਦਾ ਮੁੱਖ ਰੁਝਾਨ ਆਮ ਵਾਕਫ਼ੀ ਤੇ ਸਭਿਆਚਾਰ ਨਾਲ ਸੀ

(D) ਪੰਜਾਬੀ ਸਾਹਿਤ ਵਿਚ ਅਸ਼ਲੀਲ ਰਚਨਾਵਾਂ ਪ੍ਰਾਪਤ ਸਨ

**28.** ਕਿਹੜਾ ਲੇਖਕ ਨਾਨਕ ਕਾਲ ਦਾ ਨਹੀਂ ਹੈ :

(A) ਬੂ ਅਲੀ ਕਲੰਦਰ

(B) ਦਮੋਦਰ

(C) ਸ਼ਾਹ ਹੁਸੈਨ

(D) ਗੁਰੂ ਰਾਮਦਾਸ

29. **ਸੂਚੀ I** **ਸੂਚੀ II**

| | | | |
|---|---|---|---|
| (a) | ਲੋਕ ਗੀਤਾਂ ਦੀ ਪੈੜ | 1. | ਰਤਨ ਸਿੰਘ ਜੱਗੀ |
| (b) | ਪੱਛਮ ਦਾ ਮਾਇਆ ਜਾਲ | 2. | ਬਲਵੰਤ ਗਾਰਗੀ |
| (c) | ਅਭਿਸਾਰਿਕਾ | 3. | ਕਰਮਜੀਤ ਸਿੰਘ |
| (d) | ਅਮਲ ਜਿ ਕੀਤੇ ਦੁਨੀ ਵਿਚ | 4. | ਹਰਚਰਨ ਸਿੰਘ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?

| | (a) | (b) | (c) | (d) |
|---|---|---|---|---|
| (A) | 3 | 4 | 2 | 1 |
| (B) | 1 | 2 | 4 | 3 |
| (C) | 4 | 3 | 2 | 1 |
| (D) | 1 | 4 | 3 | 2 |

30. 'ਪੰਜਾਬੀ ਲੇਖਕ ਕੋਸ਼' ਕਿਸ ਦੀ ਰਚਨਾ ਹੈ :

(A) ਭਾਈ ਕਾਹਨ ਸਿੰਘ

(B) ਭਾਸ਼ਾ ਵਿਭਾਗ

(C) ਪ੍ਰੋ. ਪ੍ਰੀਤਮ ਸਿੰਘ

(D) ਜੋਗਿੰਦਰ ਸਿੰਘ ਰਮਦੇਵ

31. 'ਟੱਕਰ' ਕਿਸ ਕਾਵਿਰੂਪ ਦਾ ਤੱਤ ਹੈ :

(A) ਅਲਾਹੁਣੀ

(B) ਬਾਰਾਂਮਾਹ

(C) ਕਿੱਸਾ

(D) ਵਾਰ

32. *"ਪੱਕੀ ਰਹਿ ਗਈ ਵੇ ਤਵੇ ਤੇ ਰੋਟੀ ਬਸਰੇ ਨੂੰ ਤੁਰ ਚੱਲਿਆ"* ਇਹ ਕਿਹੜਾ ਲੋਕ-ਕਾਵਿ ਰੂਪ ਹੈ ?:

(A) ਬੋਲੀ

(B) ਟੱਪਾ

(C) ਮਾਹੀਆ

(D) ਢੋਲਾ

33. 'ਥਾਪੇ' ਕਿਹੜੇ ਸਮੇਂ ਦੀ ਰਸਮ ਹੈ :

(A) ਮਰਨ ਸਮੇਂ

(B) ਜੰਮਣ ਸਮੇਂ

(C) ਵਿਆਹ ਸਮੇਂ

(D) ਘੋੜੀ ਚੜਨ ਸਮੇਂ

34.

| | ਸੂਚੀ I | | ਸੂਚੀ II |
|---|---|---|---|
| (a) | ਹੈਦਰ ਸ਼ੇਖ ਦਾ ਮੇਲਾ | 1. | ਮੁਕਤਸਰ |
| (b) | ਮਾਘੀ | 2. | ਮਾਲੇਰਕੋਟਲਾ |
| (c) | ਰੌਸ਼ਨੀ | 3. | ਅੰਮ੍ਰਿਤਸਰ |
| (d) | ਦੀਵਾਲੀ | 4. | ਜਗਰਾਵਾਂ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?

| | (a) | (b) | (c) | (d) |
|---|---|---|---|---|
| (A) | 2 | 1 | 4 | 3 |
| (B) | 1 | 4 | 3 | 2 |
| (C) | 2 | 3 | 1 | 4 |
| (D) | 4 | 1 | 3 | 2 |

35. **(A) (ਕਥਨ) :** ਜੇਕਰ ਲੋਕਧਾਰਾ ਦੀ ਪਰਖ ਇਸਦੇ ਵਿਆਪਕ ਤੱਤਾਂ ਦੀ ਖੋਜ ਲਈ ਕਰਨੀ ਹੋਵੇ, ਤਾਂ ਇਸਨੂੰ ਇਤਿਹਾਸਕ ਤੌਰ ਤੇ ਸੁਨਿਸਚਤ ਤੱਥ ਦੇ ਰੂਪ ਵਿਚ ਵਾਚਣ ਦੀ ਜ਼ਰੂਰਤ ਹੋਵੇਗੀ।

**(R) (ਕਾਰਨ) :** ਕਿਉਂਕਿ ਇਹ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਪ੍ਰਕਿਰਿਆ ਵੀ ਹੈ ਜੋ ਸਭਿਆਚਾਰਕ ਸਿੱਟੇ ਵੀ ਪਰਦਾਨ ਕਰਦੀ ਹੈ।

(A) **(A)** ਅਤੇ **(R)** ਦੋਵੇ ਸਹੀ ਹਨ।

(B) **(A)** ਆਂਸ਼ਕ ਰੂਪ ਵਿਚ ਅਤੇ **(R)** ਵੀ ਆਂਸ਼ਕ ਰੂਪ ਵਿਚ ਸਹੀ ਹੈ।

(C) **(A)** ਪੂਰਨ ਰੂਪ ਵਿਚ ਅਤੇ **(R)** ਵੀ ਆਂਸ਼ਕ ਰੂਪ ਵਿਚ ਸਹੀ ਹੈ।

(D) **(A)** ਗਲਤ ਹੈ ਪਰ **(R)** ਸਹੀ ਹੈ।

36. ਮਿੱਥ ਦਾ ਆਧਾਰ ਹੈ :

(A) ਇਤਿਹਾਸ ਅਤੇ ਅਧਿਆਤਮ

(B) ਧਰਮ ਅਤੇ ਉੱਪਰ ਪ੍ਰਾਕਿਰਤਕਤਾ

(C) ਧਰਮ ਅਤੇ ਨੀਤੀ

(D) ਲੈਜੰਡ ਅਤੇ ਪੁਰਾਤੱਤਵ

37. ਰੂਪ ਬਸੰਤ ਦੀ ਦੰਤਕਥਾ ਦਾ ਸੰਬੰਧ ਕਿਹੜੇ ਸਭਿਆਚਾਰਕ ਪਿਛੋਕੜ ਨਾਲ ਹੈ :

(A) ਯੂਨਾਨੀ

(B) ਇਬਰਾਨੀ

(C) ਭਾਰਤੀ

(D) ਈਰਾਨੀ

38. ਲੋਕ ਸਾਹਿਤ ਨੂੰ ਨਿਮਨ ਸਾਹਿਤ ਕਿਸ ਨੇ ਕਿਹਾ :

(A) ਕਿਸ਼ਨ ਸਿੰਘ

(B) ਮਹਿੰਦਰ ਸਿੰਘ ਰੰਧਾਵਾ

(C) ਸੰਤ ਸਿੰਘ ਸੇਖੋਂ

(D) ਦੇਵਿੰਦਰ ਸਤਿਆਰਥੀ

39. 'ਅਰਘ ਦੇਣਾ' ਅਨੁਸ਼ਠਾਨ ਕਿਸਦਾ ਹੈ :

(A) ਬਸੰਤ ਪੰਚਮੀ

(B) ਸੋਮਾਵਤੀ ਮੱਸਿਆ

(C) ਕਰਵਾ ਚੌਥ

(D) ਨਿਮਾਣੀ ਇਕਾਦਸ਼ੀ

40. ਲੋਕ-ਚਕਿਤਸਾ ਵਿਚ ਕਿਹੜੀ ਵਸਤੂ ਲੋਕ ਵਿਸ਼ਵਾਸ਼ ਆਧਾਰਿਤ ਹੈ :

(A) ਥੋਹਰ

(B) ਕੁਆਰ ਗੰਦਲ

(C) ਕੌੜਤੁਮੇ ਦੀ ਵੇਲ

(D) ਤੁਲਸੀ

41. ਗੁਰੂ ਗ੍ਰੰਥ ਸਾਹਿਬ ਦੀ ਕਿਹੜੀ ਬਾਣੀ ਉੱਪਰ ਮਹਲਾ ਦਾ ਸੰਕੇਤ ਅੰਕਿਤ ਨਹੀਂ ਹੈ :

(A) ਜਪੁਜੀ ਸਾਹਿਬ

(B) ਸੁਖਮਨੀ ਸਾਹਿਬ

(C) ਆਨੰਦ ਸਾਹਿਬ

(D) ਆਸਾ ਦੀ ਵਾਰ

42. ਪਰਕਾਸ਼ ਟੰਡਨ ਦੀ ਪੁਸਤਕ ਦਾ ਨਾਂ ਹੈ :

(A) ਪੰਜਾਬੀ ਸਦੀ

(B) ਪੰਜਾਬੀ ਸ਼ਤਾਬਦੀ

(C) ਪੰਜਾਬ

(D) ਪੰਜਾਬ ਸੈਂਚੁਰੀ

43. 'ਟੈਬੂ' ਤੋਂ ਭਾਵ ਹੈ :

(A) ਕਬੀਲੇ ਦਾ ਨਾਂ

(B) ਸਭਿਆਚਾਰਕ ਵਰਜਨਾ

(C) ਪਹਿਰਾਵੇ ਦੀ ਵੰਨਗੀ

(D) ਸਭਿਆਚਾਰਕ ਮਾਨਸਿਕਤਾ

44. ਕਿਹੜਾ ਜੁੱਟ ਗਲਤ ਹੈ :

(A) ਸਮਕਾਲੀ ਸਾਹਿਤ – ਸਾਹਿਤ ਅਕਾਡਮੀ, ਨਵੀਂ ਦਿੱਲੀ

(B) ਆਲੋਚਨਾ – ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

(C) ਸਮਦਰਸ਼ੀ – ਪੰਜਾਬੀ ਅਕਾਡਮੀ, ਨਵੀਂ ਦਿੱਲੀ

(D) ਪਰਖ – ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

45. ਕਿਹੜਾ ਜੁੱਟ ਸਹੀ ਹੈ :

(A) ਪੰਜਾਬੀ ਟਰਿਬੀਊਨ – ਹਰਭਜਨ ਹਲਵਾਰਵੀ

(B) ਅਜੀਤ – ਸਾਧੂ ਸਿੰਘ ਹਮਦਰਦ

(C) ਦੇਸ਼ ਸੇਵਕ – ਜਸਪਾਲ ਸਿੰਘ

(D) ਨਵਾਂ ਜ਼ਮਾਨਾ – ਕਾਮਰੇਡ ਬਲਵੰਤ ਸਿੰਘ

46.

| | **ਸੂਚੀ I** | | **ਸੂਚੀ II** |
|---|---|---|---|
| (a) | ਗੁਰੂ ਗ੍ਰੰਥ ਵਿਸ਼ਵਕੋਸ਼ | 1. | ਪ੍ਰੋ. ਕਿਸ਼ਨ ਸਿੰਘ |
| (b) | ਸਾਹਿਤ ਦੇ ਸੋਮੇਂ | 2. | ਰਤਨ ਸਿੰਘ ਜੱਗੀ |
| (c) | ਪੰਜਾਬ ਮੇਂ ਉਰਦੂ | 3. | ਮੋਹਨ ਸਿੰਘ ਦੀਵਨਾ |
| (d) | ਜਤਿੰਦਰ ਸਾਹਿਤ ਸਰੋਵਰ | 4. | ਹਾਫਿਜ਼ ਮਹਿਮੂਦ ਸ਼ੀਰਾਨੀ |

| | (a) | (b) | (c) | (d) |
|---|---|---|---|---|
| (A) | 2 | 1 | 4 | 3 |
| (B) | 3 | 2 | 1 | 4 |
| (C) | 1 | 2 | 3 | 4 |
| (D) | 3 | 2 | 4 | 1 |

47. ਪੰਜਾਬੀ ਪਤਰਕਾਰੀ ਦੇ ਖੇਤਰ ਦਾ ਖੋਜਕਾਰ ਹੈ :

(A) ਮੇਘਰਾਜ ਮਿੱਤਲ

(B) ਹਰਭਜਨ ਹਲਵਾਰਵੀ

(C) ਬਰਜਿੰਦਰ ਸਿੰਘ ਹਮਦਰਦ

(D) ਮੇਘਾ ਸਿੰਘ

48. ਮੱਧਕਾਲੀ ਪੰਜਾਬੀ ਭਾਸ਼ਾ ਤੇ ਸਾਹਿਤ ਇਤਿਹਾਸ ਦਾ ਮਹੱਤਵਪੂਰਨ ਸ੍ਰੋਤ ਗ੍ਰੰਥ ਹੈ :

(A) ਲਿੰਗੁਇਸਟਿਕ ਸਰਵੇ ਆੱਫ਼ ਇੰਡੀਆ – ਜਾਰਜ ਗ੍ਰੀਅਰਸਨ

(B) ਏ ਹਿਸਟਰੀ ਆੱਫ਼ ਇੰਡਿਜਨਸ ਐਜੂਕੇਸ਼ਨ ਇਨ ਦਾ ਪੰਜਾਬ – ਡਾ. ਲਾਈਟਨਰ

(C) ਪੰਜਾਬ ਮੇਂ ਉਰਦੂ – ਹਾਫ਼ਿਜ਼ ਮਹਿਮੂਦ ਸ਼ੀਰਾਨੀ

(D) ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼ – ਮੋਹਨ ਸਿੰਘ ਦੀਵਾਨਾ

49. ਖੋਜ ਪ੍ਰਬੰਧ ਵਿਚ ਕਿਹੜਾ ਅੰਗ ਵਧੇਰੇ ਮਹੱਤਵਪੂਰਨ ਹੈ :

(A) ਰੂਪ–ਰੇਖਾ

(B) ਅੰਤਿਕਾ

(C) ਨਿਸ਼ਕਰਸ਼

(D) ਪ੍ਰਸਤਾਵਨਾ

50. 'ਫੋਕ ਲੋਰ ਯੂਨੀਵਰਸਲਜ਼' ਕਿਸ ਖੇਤਰ ਵਿਚ ਮਹੱਤਵਪੂਰਨ ਹਨ :

(A) ਮਾਨਵ ਦਾ ਰੇਖਾਵੀ ਨਿਕਾਸ

(B) ਮਨੋਵਿਗਿਆਨਕ ਤੇ ਰਾਜਸੀ ਪਰਿਵਰਤਨ

(C) ਸਮਾਜਕ ਤੇ ਸਭਿਆਚਾਰਕ ਵਿਸਤਾਰ

(D) ਭਾਸ਼ਾਈ ਆਦਾਨ ਪਰਦਾਨ ਤੇ ਸੰਚਾਰ

- o 0 o -

**Space For Rough Work**